ਓ. ਐਸ. ਡੀ. ਏ. ਵੀ. ਪਬਲਿਕ ਸਕੂਲ , ਕੈਥਲ

ਜੁਲਾਈ ਪਰੀਖਿਆ ( 2024-25)

ਜਮਾਤ : ਸੱਤਵੀਂ

ਵਿਸ਼ਾ : ਪੰਜਾਬੀ

Set A

ਸਮਾਂ :- 1 ਘੰਟਾ 10 ਮਿੰਟ

ਅਧਿਕਤਮ ਅੰਕ (30)

ਜਰੂਰੀ ਹਦਾਇਤਾਂ :-

I. ਸਾਰੇ ਪ੍ਰਸ਼ਨ ਹੱਲ ਕਰਨੇ ਜਰੂਰੀ ਹਨ ।

II. ਲਿਖਾਈ ਸੁੰਦਰ ਅਤੇ ਸਾਫ਼ ਲਿਖੋ ।

| ਪ੍ਰਸ਼ਨ ਨੰਬਰ | ਪ੍ਰਸ਼ਨ | ਅੰਕ |
|---|---|---|
| | ( ਭਾਗ-ੳ ਪੜ੍ਹਣ ਕੋਸ਼ਲ ) | |
| ਪ੍ਰ: 1 | **ਅਣਡਿੱਠਾ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :-**<br>**ਮੰਨਿਆ ਜਾਂਦਾ ਹੈ ਕਿ ਸਮਾਂ ਇਕ ਮਹਾਨ ਖਜ਼ਾਨਾ ਹੈ। ਅਮਰੀਕਾ, ਜਪਾਨ ਵਿੱਚ ਭਾਵੇ ਮੀਂਹ ਹੋਵੇ, ਹਨ੍ਹੇਰਾ ਹੋਵੇ, ਠੰਡ ਹੋਵੇ, ਗਰਮੀ ਦੀ ਅਵਸਥਾ ਹੋਵੇ, ਅੱਠ ਘੰਟੇ ਹਰ ਕੋਈ ਡੱਟ ਕੇ ਕੰਮ ਕਰਦਾ ਹੈ। ਦੁਕਾਨਾਂ ਵਿੱਚ, ਖੇਤਾਂ ਵਿੱਚ, ਕਾਰਖ਼ਾਨਿਆਂ ਵਿੱਚ, ਵਿਸ਼ੇਸ਼ ਛੁੱਟੀਆਂ ਸਾਲ ਵਿੱਚ ਮਸਾਂ ਚਾਰ-ਪੰਜ ਹੁੰਦੀਆਂ ਹਨ। ਸਾਡੇ ਦੇਸ਼ ਵਿੱਚ ਲਾਊਡ ਸਪੀਕਰਾਂ ਉੱਤੇ , ਸਭਾ ਉੱਤੇ ਦਿਨ-ਰਾਤ ਵਹਿਮ-ਭਰਮ ਪ੍ਰਚਾਰੇ ਜਾਂਦੇ ਹਨ। ਹੋਰਨਾਂ ਦੇਸ਼ਾਂ ਵਿੱਚ ਭਾਵੇਂ ਕਿੰਨੀ ਬਰਫ਼ ਜੰਮੀ ਹੋਵੇ, ਕਾਮੇ ਪੂਰੇ ਅੱਠ ਵਜੇ ਆਪਣੇ ਕੰਮ ਉੱਤੇ ਪਹੁੰਚ ਜਾਂਦੇ ਹਨ। ਬਾਰਾਂ ਵਜੇ ਤੱਕ ਡੱਟ ਕੇ ਕੰਮ ਕੀਤਾ ਜਾਂਦਾ ਹੈ। ਇੱਕ ਘੰਟਾ ਵਿਚਕਾਰ ਖਾਣਾ ਖਾ ਕੇ ਫਿਰ ਪੰਜ ਵਜੇ ਤੱਕ ਅਣਥੱਕ ਮਿਹਨਤ ਹੁੰਦੀ ਹੈ। ਇਹੀ ਕਾਰਨ ਹੈ ਕਿ ਉਨ੍ਹਾਂ ਦੀ ਪੈਦਾਵਾਰ ਸਾਡੇ ਨਾਲੋਂ ਕਈ ਗੁਣਾਂ ਵਧੇਰੇ ਹੁੰਦੀ ਹੈ ।**<br>(ੳ) ਸਮੇਂ ਨੂੰ ਕੀ ਮੰਨਿਆ ਗਿਆ ਹੈ ?<br>(ਅ) ਅਮਰੀਕਾ ਅਤੇ ਜਪਾਨ ਵਿੱਚ ਲੋਕ ਕਿਹੜੀਆਂ ਅਵਸਥਾਵਾਂ ਵਿੱਚ ਕੰਮ ਕਰਦੇ ਹਨ ?<br>(ੲ) ਲਾਊਡ ਸਪੀਕਰਾਂ ਉੱਤੇ ਕਿਸ ਦਾ ਪ੍ਰਚਾਰ ਕੀਤਾ ਜਾਂਦਾ ਹੈ ?<br>(ਸ) ਹੋਰ ਦੇਸ਼ਾਂ ਵਿੱਚ ਮਿਹਨਤ ਕਰਕੇ ਸਾਡੇ ਦੇਸ਼ ਦੀ ਬਜਾਏ ਕੀ ਵਧੇਰੇ ਹੁੰਦੀ ਹੈ ?<br>(ਹ) ਦਿੱਤੇ ਗਏ ਪੈਰੇ ਦਾ ਸਿਰਲੇਖ ਲਿਖੋ । | (5) |
| | ( ਭਾਗ - ਅ ਵਿਆਕਰਨ ) | (10) |
| ਪ੍ਰ: 2 | **ਲਿੰਗ ਬਦਲੋ :-** (ੳ) ਸੂਬੇਦਾਰ | 1 |
| ਪ੍ਰ: 3 | **ਵਚਨ ਬਦਲੋ :-** (ੳ) ਸਹੇਲੀ | 1 |
| ਪ੍ਰ: 4 | **ਹੇਠ ਦਿੱਤੇ ਵਿਕਲਪਾਂ ਵਿੱਚੋਂ ਸ਼ੁੱਧ ਸ਼ਬਦ ਚੁਣੋ :-**<br>(ੳ) ਕੋਨ (ਅ) ਕਉਨ (ੲ) ਕੌਂਣ (ਸ) ਕੌਨ | 1 |
| ਪ੍ਰ: 5 | **ਹੇਠ ਦਿੱਤੇ ਸ਼ਬਦ ਦਾ ਵਿਰੋਧੀ ਸ਼ਬਦ ਲਿਖੋ :** ਤਕੜਾ | 1 |
| ਪ੍ਰ: 6 | **' ਅੰਤਰ '** ਅਗੇਤਰ ਸ਼ਬਦ ਦੀ ਵਰਤੋਂ ਕਰ ਕੇ ਦੋ ਸ਼ਬਦ ਬਣਾਓ :- | 1 |
| ਪ੍ਰ: 7 | **' ਆਈ '** ਪਿਛੇਤਰ ਸ਼ਬਦ ਦੀ ਵਰਤੋਂ ਕਰ ਕੇ ਦੋ ਸ਼ਬਦ ਬਣਾਓ :- | 1 |
| ਪ੍ਰ: 8 | **ਬਹੁਤੇ ਸ਼ਬਦਾਂ ਲਈ ਇੱਕ ਸ਼ਬਦ ਲਿਖੋ :-** ਜਿਹੜਾ ਹਰ ਥਾਂ ਮੌਜੂਦ ਹੋਵੇ। | 1 |
| ਪ੍ਰ: 9 | **ਦਿੱਤੇ ਗਏ ਮੁਹਾਵਰੇ ' ਉਸਤਾਦੀ ਕਰਨੀ ' ਦਾ ਅਰਥ ਲਿਖੋ:-** | 1 |
| ਪ੍ਰ: 10 | **ਹੇਠਾਂ ਦਿੱਤੇ ਵਾਕ ਵਿੱਚ ਵਿਸ਼ਰਾਮ ਚਿੰਨ੍ਹ ਲਗਾਓ :-**<br>(ੳ) ਭਾਰਤੀ ਤਿਰੰਗੇ ਵਿੱਚ ਤਿੰਨ ਰੰਗ ਕੇਸਰੀ ਹਰਾ ਚਿੱਟਾ ਹਨ | 2 |

| | ( ਭਾਗ - ੲ ਪਾਠ ਪੁਸਤਕ ) | |
|---|---|---|
| ਪ੍ਰ: 11 | **ਹੇਠਾਂ ਲਿੱਖੀ ਕਾਵਿ ਟੁੱਕੜੀ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :-**<br><br>**ਮੇਰਾ ਵੱਸਦਾ ਦੇਸ਼ ਪੰਜਾਬ ਰਹੇ, ਖੁਸ਼ਹਾਲ ਰਹੇ ਅਬਾਦ ਰਹੇ ।**<br>**ਘਰ- ਘਰ ਵਿੱਚ ਲਹਿਰਾਂ- ਬਹਿਰਾਂ ਹਨ ,ਜਿੱਥੇ ਦੁੱਧ ਘਿਓ ਦੀਆਂ ਨਹਿਰਾਂ ਹਨ।**<br>**ਨਾ ਕਿਧਰੇ ਤੰਗੀ- ਤੁਰਸ਼ੀ ਹੈ , ਖੁਸ਼ੀਆਂ ਵਿੱਚ ਇਹ ਸ਼ਾਦਾਬ ਰਹੇ।**<br>(ੳ) ਦਿੱਤੇ ਗਏ ਪੈਰੇ ਦੀ ਕਵਿਤਾ ਦਾ ਨਾਂ ਦੱਸੋ ।<br>(ਅ) ਉਪਰੋਕਤ ਦਿੱਤੇ ਪੈਰੇ ਦੇ ਕਵੀ ਦਾ ਨਾਂ ਲਿਖੋ ।<br>(ੲ) ਕਵੀ ਪੰਜਾਬ ਦੇ ਕੀ ਰਹਿਣ ਦੀ ਗੱਲ ਕਰਦਾ ਹੈ ?<br>(ਸ) ਮੇਰੇ ਦੇਸ਼ ਵਿੱਚ ਕਿਸ ਦੀਆਂ ਨਹਿਰਾਂ ਵਹਿਣ ਦੀ ਗੱਲ ਕੀਤੀ ਗਈ ਹੈ ?<br>(ਹ) ' ਸ਼ਾਦਾਬ ' ਸ਼ਬਦ ਦਾ ਕੀ ਅਰਥ ਹੈ ? | (1×5=5) |
| ਪ੍ਰ : 12 | **ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ:-**<br>1. ਕਿਹੜਾ ਅੰਗ ਭੋਜਨ ਦਾ ਸਵਾਦ ਦੱਸਦਾ ਹੈ ?<br>(ੳ) ਚਮੜੀ (ਅ) ਜੀਭ (ੲ) ਹੱਥ (ਸ) ਕੰਨ<br>2. ਸਕੂਲ ਵਿੱਚ ਹਰ ਰੋਜ਼ ਕੌਣ ਸਵੇਰੇ ਜਮਾਤ ਦੀ ਸਫ਼ਾਈ ਵੇਖਦੇ ਹਨ ?<br>(ੳ) ਵਕੀਲ (ਅ) ਡਾਕਟਰ (ੲ) ਵਿਦਿਆਰਥੀ (ਸ) ਅਧਿਆਪਕਾ<br>3.ਅਖਾਣ ਪੂਰਾ ਕਰੋ:- ________ ਗਈਆਂ, ਜਹਾਨ ਗਿਆ। ਦੰਦ ਗਏ , ਸੁਆਦ ਗਿਆ ।<br>(ੳ) ਅੱਖਾਂ (ਅ) ਕੰਨ (ੲ) ਨੱਕ (ਸ) ਪੈਰ<br>4. ਕਿਹੜੀ ਆਦਤ ਸਿਹਤ ਲਈ ਸਹੀ ਨਹੀਂ ਮੰਨੀ ਜਾਂਦੀ ?<br>(ੳ) ਫਲ਼ ਖਾਣ ਦੀ (ਅ) ਸਬਜ਼ੀਆਂ ਖਾਣ ਦੀ<br>(ੲ) ਘੱਟ ਮੇਵੇ ਖਾਣ ਦੀ (ਸ)ਹਰ ਸਮੇਂ ਕੁਛ ਨਾ ਕੁਛ ਖਾਣ ਦੀ | (1×4=4) |
| ਪ੍ਰ : 13 | **ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਤਿੰਨ- ਚਾਰ ਸਤਰਾਂ ਵਿੱਚ ਲਿਖੋ :-**<br>(ੳ) ਬੁੱਢੀ ਔਰਤ ਦੇ ਦਿਓਰ ਨੂੰ ਕਿਉਂ ਮੰਨਣਾ ਪਿਆ ਕਿ ਖੂਹ ਉਸ ਦੀ ਭਰਜਾਈ ਦਾ ਹੈ ?<br>(ਅ) ਮਹਾਰਾਜੇ ਨੇ ਬੁੱਢੀ ਔਰਤ ਤੋਂ ਕਿਸ ਅਸੀਸ ਦੀ ਮੰਗ ਕੀਤੀ? | (2×2=4) |
| ਪ੍ਰ : 14 | ' **ਚਿੱਥਣਾ** ' ਸ਼ਬਦ ਦਾ ਅਰਥ ਦੱਸੋ। | (1) |
| ਪ੍ਰ : 15 | **ਹੇਠਾਂ ਲਿਖਿਆ ਵਾਕ ਕਿਸ ਨੇ , ਕਿਸ ਨੂੰ ਕਿਹਾ ?**<br>' ਮਾਈ ਖੂਹ ਤੇਰੀ ਜ਼ਮੀਨ ਵਿੱਚ ਤਾਂ ਹੈ ?' | (1) |

ੳ. ਐਸ. ਡੀ. ਏ. ਵੀ. ਪਬਲਿਕ ਸਕੂਲ , ਕੈਥਲ

ਜੁਲਾਈ ਪਰੀਖਿਆ ( 2024-25)

ਜਮਾਤ : ਸੱਤਵੀਂ

ਵਿਸ਼ਾ : ਪੰਜਾਬੀ

Set B

ਸਮਾਂ :- 1 ਘੰਟਾ 10 ਮਿੰਟ

ਅਧਿਕਤਮ ਅੰਕ (30)

ਜਰੂਰੀ ਹਦਾਇਤਾਂ :-

I. ਸਾਰੇ ਪ੍ਰਸ਼ਨ ਹੱਲ ਕਰਨੇ ਜਰੂਰੀ ਹਨ ।

II. ਲਿਖਾਈ ਸੁੰਦਰ ਅਤੇ ਸਾਫ਼ ਲਿਖੋ ।

| ਪ੍ਰਸ਼ਨ ਨੰਬਰ | ਪ੍ਰਸ਼ਨ | ਅੰਕ |
|---|---|---|
| | ( ਭਾਗ-ੳ ਪੜ੍ਹਣ ਕੋਸ਼ਲ ) | |
| ਪ੍ਰ: 1 | ਅਣਡਿੱਠਾ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :-<br>ਮਿਹਨਤ ਤੋਂ ਜੀਅ ਚੁਰਾਉਣ ਵਾਲੇ ਲੋਕ ਮੌਕਿਆਂ ਦੀ ਉਡੀਕ ਕਰਦੇ ਰਹਿ ਜਾਂਦੇ ਹਨ। ਮੌਕੇ ਆਉਣ 'ਤੇ ਵੀ ਉਹ ਉਨ੍ਹਾਂ ਦਾ ਫ਼ਾਇਦਾ ਨਹੀਂ ਉਠਾ ਸਕਦੇ ਤੇ ਬਾਅਦ ਵਿੱਚ ਕਿਸਮਤ ਨੂੰ ਦੋਸ਼ ਦਿੰਦੇ ਰਹਿ ਜਾਂਦੇ ਹਨ। ਅੱਜ ਦੇ ਨੌਜਵਾਨ ਸਫਲਤਾ ਤਾਂ ਪ੍ਰਾਪਤ ਕਰਨਾ ਚਾਹੁੰਦੇ ਹਨ ਪਰ ਉਨ੍ਹਾਂ ਨੂੰ ਮਿਹਨਤ ਕਰਨਾ ਜ਼ਿਆਦਾ ਪਸੰਦ ਨਹੀਂ। ਉਨ੍ਹਾਂ ਨੂੰ ਲਗਦਾ ਹੈ ਕਿ ਸਫਲਤਾ ਦੀ ਪ੍ਰਾਪਤੀ ਲਈ ਮਿਹਨਤ ਤੋਂ ਜ਼ਿਆਦਾ ਲੋੜ ਕਿਸਮਤ ਦੀ ਹੁੰਦੀ ਹੈ। ਇਸੇ ਸੋਚ ਵਿੱਚ ਹੀ ਉਹ ਆਪਣੇ ਜੀਵਨ ਦਾ ਕੀਮਤੀ ਸਮਾਂ ਗੁਆ ਲੈਂਦੇ ਹਨ ਤੇ ਫਿਰ ਨਿਰਾਸ਼ਾ ਵਿੱਚ ਚਲੇ ਜਾਂਦੇ ਹਨ। ਸਫਲਤਾ ਪ੍ਰਾਪਤੀ ਲਈ ਕਿਸਮਤ ਦਾ ਸਾਥ ਜ਼ਰੂਰੀ ਹੈ ਪਰ ਸਾਨੂੰ ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਤਪ ਕੇ ਹੀ ਸੋਨਾ ਕੁੰਦਨ ਬਣਦਾ ਹੈ। ਕਿਸਮਤ ਵੀ ਮਿਹਨਤ ਕਰਨ ਵਾਲਿਆਂ ਦਾ ਹੀ ਸਾਥ ਦਿੰਦੀ ਹੈ।<br>(ੳ) ਕੌਣ ਮੌਕਿਆਂ ਦੀ ਉਡੀਕ ਕਰਦੇ ਰਹਿ ਜਾਂਦੇ ਹਨ ?<br>(ਅ) ਅੱਜ ਕੱਲ ਦੇ ਨੌਜਵਾਨ ਕੀ ਕਰਨਾ ਚਾਹੁੰਦੇ ਹਨ ਤੇ ਕੀ ਨਹੀਂ ?<br>(ੲ) ਸਫਲਤਾ ਦੀ ਪ੍ਰਾਪਤੀ ਲਈ ਕਿਸ ਦਾ ਸਾਥ ਜਰੂਰੀ ਹੈ?<br>(ਸ) ਕਿਸਮਤ ਹਮੇਸ਼ਾ ਕਿਸ ਦਾ ਸਾਥ ਦਿੰਦੀ ਹੈ ?<br>(ਹ) ਦਿੱਤੇ ਗਏ ਪੈਰੇ ਦਾ ਢੁੱਕਵਾਂ ਸਿਰਲੇਖ ਲਿਖੋ । | (5) |
| | ( ਭਾਗ - ਅ ਵਿਆਕਰਨ ) | ( 10) |
| ਪ੍ਰ: 2 | ਲਿੰਗ ਬਦਲੋ: - (ੳ) ਸੰਤ | 1 |
| ਪ੍ਰ: 3 | ਵਚਨ ਬਦਲੋ :- (ੳ) ਕੋਠੀ | 1 |
| ਪ੍ਰ: 4 | ਹੇਠ ਦਿੱਤੇ ਵਿਕਲਪਾਂ ਵਿੱਚੋਂ ਸ਼ੁੱਧ ਸ਼ਬਦ ਚੁਣੋ :-<br>(ੳ) ਕੋੜੀ (ਅ) ਕੋੜਿ (ੲ) ਕੌੜੀ (ਸ) ਕੌੜਿ | 1 |
| ਪ੍ਰ: 5 | ਹੇਠ ਦਿੱਤੇ ਸ਼ਬਦ ਦਾ ਵਿਰੋਧੀ ਸ਼ਬਦ ਲਿਖੋ :- ਸਾਫ਼ | 1 |
| ਪ੍ਰ: 6 | ' ਅ ' ਅਗੇਤਰ ਸ਼ਬਦ ਦੀ ਵਰਤੋਂ ਕਰ ਕੇ ਦੋ ਸ਼ਬਦ ਬਣਾਓ :- | 1 |
| ਪ੍ਰ: 7 | ' ਆਣੀ ' ਪਿਛੇਤਰ ਸ਼ਬਦ ਦੀ ਵਰਤੋਂ ਕਰ ਕੇ ਦੋ ਸ਼ਬਦ ਬਣਾਓ :- | 1 |
| ਪ੍ਰ: 8 | ਬਹੁਤੇ ਸ਼ਬਦਾਂ ਲਈ ਇੱਕ ਸ਼ਬਦ ਲਿਖੋ :- ਭਰਾ ਦੀ ਕੁੜੀ । | 1 |
| ਪ੍ਰ: 9 | ਦਿੱਤੇ ਗਏ ਮੁਹਾਵਰੇ ' ਉੱਚਾ- ਨੀਵਾਂ ਬੋਲਣਾ ' ਦਾ ਅਰਥ ਲਿਖੋ:- | 1 |
| ਪ੍ਰ: 10 | ਹੇਠਾਂ ਦਿੱਤੇ ਵਾਕ ਵਿੱਚ ਵਿਸ਼ਰਾਮ ਚਿੰਨ੍ਹ ਲਗਾਓ :-<br>(ੳ) ਭਾਰਤ ਵਿੱਚ ਕਈ ਵੱਡੇ ਸ਼ਹਿਰ ਜਿਵੇਂ ਮੁੰਬਈ ਦਿੱਲੀ ਮਹਾਰਾਸ਼ਟਰ ਮੱਧ ਪ੍ਰਦੇਸ਼ ਆਦਿ ਹਨ | 2 |

| | ( ਭਾਗ - ੲ ਪਾਠ ਪੁਸਤਕ ) | |
|---|---|---|
| ਪ੍ਰ: 11 | **ਹੇਠਾਂ ਲਿੱਖੀ ਕਾਵਿ ਟੁੱਕੜੀ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :-**<br>**ਮੇਰਾ ਵੱਸਦਾ ਦੇਸ਼ ਪੰਜਾਬ ਰਹੇ, ਖੁਸ਼ਹਾਲ ਰਹੇ ਅਬਾਦ ਰਹੇ ।**<br>**ਜਿੱਥੇ ਖੁਸ਼ੀਆਂ ਦਾ ਮੀਂਹ ਵਰਦਾ ਹੈ, ਤੇ ਕਣ - ਕਣ ਜਿਸ ਦਾ ਹੱਸਦਾ ਹੈ**<br>**ਪੌਣਾਂ ਵਿੱਚ ਮਹਿਕਾਂ ਘੋਲ ਰਿਹਾ, ਇਹ ਖਿੜਿਆ ਵਾਂਗ ਗੁਲਾਬ ਰਹੇ।**<br>(ੳ) ਉਪਰੋਕਤ ਦਿੱਤੇ ਪੈਰੇ ਦੇ ਕਵੀ ਦਾ ਨਾਂ ਲਿਖੋ ।<br>(ਅ) ਦਿੱਤੇ ਗਏ ਪੈਰੇ ਦੀ ਕਵਿਤਾ ਦਾ ਨਾਂ ਲਿਖੋ<br>(ੲ) ਪੌਣਾਂ ਵਿੱਚ ਕੀ ਘੁੱਲ ਰਹੀਆਂ ਹਨ ?<br>(ਸ) ਮੇਰੇ ਦੇਸ਼ ਵਿੱਚ ਕਿਸ ਦੇ ਹੱਸਣ ਦੀ ਗੱਲ ਕੀਤੀ ਗਈ ਹੈ ?<br>(ਹ) ' ਪੌਣ ' ਸ਼ਬਦ ਦਾ ਕੀ ਅਰਥ ਹੈ ? | (5) |
| ਪ੍ਰ : 12 | **ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ:-**<br>1. ਕਿਹੜਾ ਅੰਗ ਭੋਜਨ ਨੂੰ ਚਬਾਉਣ ਦਾ ਕੰਮ ਕਰਦਾ ਹੈ ?<br>(ੳ) ਦੰਦ (ਅ) ਜੀਭ (ੲ) ਹੱਥ (ਸ) ਕੰਨ<br>2. ਕਿਸ ਦੇ ਦੰਦ ਮੋਤੀਆਂ ਵਰਗੇ ਚਿੱਟੇ ਹੋਣ ਦੀ ਗੱਲ ਕੀਤੀ ਗਈ ਹੈ ?<br>(ੳ) ਵਕੀਲ (ਅ) ਡਾਕਟਰ (ੲ) ਅਮਨ (ਸ) ਅਧਿਆਪਕ<br>3.ਅਖਾਣ ਪੂਰਾ ਕਰੋ:- ਅੱਖਾਂ ਗਈਆਂ, ਜਹਾਨ ਗਿਆ। ______ਗਏ , ਰਾਗ ਗਿਆ ।<br>(ੳ) ਦੰਦ (ਅ) ਕੰਨ (ੲ) ਨੱਕ (ਸ) ਪੈਰ<br>4. ਕਿਹੜੀ ਆਦਤ ਸਿਹਤ ਲਈ ਸਹੀ ਮੰਨੀ ਜਾਂਦੀ ਹੈ ?<br>(ੳ) ਫਲ਼ ਖਾਣ ਦੀ (ਅ) ਸਬਜ਼ੀਆਂ ਖਾਣ ਦੀ<br>(ੲ) ਭੁੰਨੇ ਦਾਣੇ ਖਾਣ ਦੀ (ਸ) ਇਹ ਸਾਰੀਆਂ ਚੀਜ਼ਾਂ ਖਾਣ ਦੀ | (1×4=4) |
| ਪ੍ਰ : 13 | **ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਤਿੰਨ- ਚਾਰ ਸਤਰਾਂ ਵਿੱਚ ਲਿਖੋ।**<br>(ੳ) ਮਹਾਰਾਜਾ ਰਣਜੀਤ ਸਿੰਘ ਕਿਸ ਤਰ੍ਹਾਂ ਦੇ ਮਹਾਰਾਜਾ ਸਨ ?<br>(ਅ) ਮਹਾਰਾਜੇ ਨੇ ਬੁੱਢੀ ਔਰਤ ਨੂੰ ਖੂਹ ਵਾਪਸ ਕਰਵਾਉਣ ਲਈ ਕੀ ਜੁਗਤ ਘੜੀ ? | (2×2=4 ) |
| ਪ੍ਰ : 14 | ' **ਬਣਾਉਟੀ** ' ਸ਼ਬਦ ਦਾ ਅਰਥ ਦੱਸੋ। | (1) |
| ਪ੍ਰ : 15 | **ਹੇਠਾਂ ਦਿੱਤਾ ਵਾਕ ਕਿਸੇ ਨੇ, ਕਿਸੇ ਨੂੰ ਕਿਹਾ ?**<br>' ਮਹਾਰਾਜ, ਇਹ ਖੂਹ ਮੇਰਾ ਨਹੀਂ ਸਗੋਂ ਮੇਰੀ ਭਰਜਾਈ ਦਾ ਹੈ।' | (0.5×2=1) |

**ੳ.ਐਸ ਡੀ.ਏ.ਵੀ ਪਬਲਿਕ ਸਕੂਲ , ਕੈਥਲ**

**Marking scheme of July exam (2024-25)**

**ਵਿਸ਼ਾ : ਪੰਜਾਬੀ ( Set A )**

**ਜਮਾਤ :ਸੱਤਵੀਂ ਅਧਿਕਤਮ ਅੰਕ :-30**

ਜ਼ਰੂਰੀ ਸੂਚਨਾ :-ਜੇਕਰ ਅਜਿਹਾ ਕੋਈ ਸਹੀ ਉੱਤਰ ਜਿਹੜਾ ਵਿਦਿਆਰਥੀ ਨੇ ਲਿਖਿਆ ਹੈ ਪਰ ਉੱਤਰ ਕੁੰਜੀ ਵਿੱਚ ਦਰਜ ਨਹੀਂ ਹੈ ਤਾਂ ਉਸ ਦੇ ਵੀ ਅੰਕ ਦਿੱਤੇ ਜਾਣਗੇ ।

| ਉੱਤਰ ਨੰਬਰ | ਉੱਤਰ ਅਤੇ ਨਾਲ ਸੰਬੰਧਤ ਉੱਤਰ ਸੰਕੇਤ | ਅੰਕ |
|---|---|---|
| | ( ਭਾਗ -ੳ ਪੜ੍ਹ ਕੋਸ਼ਲ) | |
| ਉ : 1 | ਅਣਡਿੱਠਾ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ:-<br>ਉੱਤਰ 1- ਸਮਾਂ ਇੱਕ ਮਹਾਨ ਖਜ਼ਾਨਾ ਹੈ ।<br>ਉੱਤਰ 2- । ਅਮਰੀਕਾ ,ਜਪਾਨ ਵਿੱਚ ਭਾਵੇਂ ਮੀਂਹ ਹੋਵੇ, ਹਨ੍ਹੇਰਾ ਹੋਵੇ ,ਠੰਡ ਹੋਵੇ ,ਗਰਮੀ ਦੀ ਅਵਸਥਾ ਹੋਵੇ ਅੱਠ ਘੰਟੇ ਹਰ ਕੋਈ ਡੱਟ ਕੇ ਕੰਮ ਕਰਦਾ ਹੈ।<br>ਉੱਤਰ 3 ਸਭਾ ਉੱਤੇ ਦਿਨ -ਰਾਤ ਵਹਿਮ ਭਰਮ ਪ੍ਰਚਾਰੇ ਜਾਂਦੇ ਹਨ ।<br>ਉੱਤਰ 4- ਪੈਦਾਵਾਰ।<br>ਉੱਤਰ 5- ਮਿਹਨਤ ਸਫ਼ਲਤਾ ਦੀ ਕੁੰਜੀ ਹੈ । | (5) |
| | ਭਾਗ -ਅ ( ਵਿਆਕਰਨ) | |
| ਉ: 2 | ਲਿੰਗ ਬਦਲੋ :- ਸੂਬੇਦਾਰਨੀ | (1) |
| ਉ: 3 | ਵਚਨ ਬਦਲੋ :- ਸਹੇਲੀਆਂ | (1) |
| ਉ : 4 | ਹੇਠ ਦਿੱਤੇ ਵਿਕਲਪਾਂ ਵਿਚੋਂ ਸ਼ੁੱਧ ਸ਼ਬਦ :- ਕੌਣ | (1) |
| ਉ: 5 | ਹੇਠ ਦਿੱਤੇ ਸ਼ਬਦ ਦਾ ਵਿਰੋਧੀ ਸ਼ਬਦ ਲਿਖੋ :- ਕਮਜ਼ੋਰ/ਮਾੜਾ | (1) |
| ਉ : 6 | 'ਅੰਤਰ ' ਅਗੇਤਰ ਲਗਾ ਕੇ ਦੋ-ਦੋ ਸ਼ਬਦ :- ਅੰਤਰਜਾਮੀ , ਅੰਤਰਮੁਖੀ | (1) |
| ਉ:7 | ' ਆਈ ' ਪਿਛੇਤਰ ਲਗਾ ਕੇ ਦੋ ਦੋ ਸ਼ਬਦ :- ਪੜ੍ਹਾਈ , ਚੰਗਿਆਈ | (1) |
| ਉ :8 | ਬਹੁਤੇ ਸ਼ਬਦਾਂ ਦੇ ਲਈ ਇੱਕ ਸ਼ਬਦ:- ਸਰਵ-ਵਿਆਪਕ | (1) |

| | | |
|---|---|---|
| ਉ : 9 | ਮੁਹਾਵਰੇ ਦਾ ਅਰਥ:- ਚਲਾਕੀ ਕਰਨਾ | (1) |
| ਉ : 10 | ਹੇਠ ਦਿੱਤੇ ਵਾਕ ਵਿੱਚ ਵਿਸ਼ਰਾਮ ਚਿੰਨ੍ਹ :-<br><br>(ੳ) ਭਾਰਤੀ ਤਿਰੰਗੇ ਵਿੱਚ ਤਿੰਨ ਰੰਗ ਕੇਸਰੀ ,ਹਰਾ, ਚਿੱਟਾ ਹਨ। | (2) |
| | ਭਾਗ- ੲ( ਪਾਠ ਪੁਸਤਕ) | |
| ਉ : 11 | ਹੇਠ ਦਿੱਤੀ ਕਾਵਿ ਟੁਕੜੀ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ:-<br>(ੳ) ਇਸ ਕਵਿਤਾ ਦੇ ਕਵੀ ਦਾ ਨਾਂ ਗੁਰਦੀਪ ਭੰਮਰਾ ਹੈ।<br>(ਅ) ਇਸ ਕਵਿਤਾ ਦਾ ਨਾਂ ਮੇਰਾ ਵੱਸਦਾ ਦੇਸ਼ ਪੰਜਾਬ ਰਹੇ ।<br>(ੲ) ਖੁਸ਼ਹਾਲ ।<br>(ਸ) ਦੁੱਧ ਘਿਓ ਦੀਆਂ।<br>(ਹ) ਹਰਿਆ ਭਰਿਆ। | (5) |
| ਉ : 12 | ਬਹੁ - ਵਿਕਲਪੀ ਪ੍ਰਸ਼ਨ<br>ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :-<br>1. ਜੀਭ<br>2. ਅਧਿਆਪਕਾ<br>3. ਅੱਖ<br>4. ਹਰ ਸਮੇਂ ਕੁਝ ਨਾ ਕੁਝ ਖਾਣ ਦੀ | (4) |
| ਉ : 13 | ਹੇਠਾਂ ਦਿੱਤੇ ਕੋਈ 4 ਪ੍ਰਸ਼ਨਾਂ ਦੇ ਉੱਤਰ ਤਿੰਨ - ਚਾਰ ਸਤਰਾਂ ਵਿੱਚ ਲਿਖੋ :-<br>(ੳ ) ਦਿਓਰ ਨੂੰ ਜਦੋਂ ਮਹਾਰਾਜ ਦੁਆਰਾ ਡਰਾ ਕੇ ਖੂਹ ਵਿੱਚੋਂ ਸਰਕਾਰੀ ਖਜ਼ਾਨੇ ਕੱਢਣ ਲਈ ਕਿਹਾ ਗਿਆ ਤਾਂ ਉਹ ਅੰਦਰ ਹੀ ਅੰਦਰ ਡਰ ਗਿਆ ਕਿ ਇੰਨੀ ਰਾਤ ਨੂੰ ਕੌਣ ਸਰਕਾਰੀ ਅਮਾਨਤ ਨੂੰ ਸੰਭਾਲੇਗਾ ਤਾਂ ਉਸਨੇ ਆਪ ਹੀ ਮਹਾਰਾਜ ਦੇ ਪੈਰ੍ਹਾਂ ਵਿੱਚ ਡਿੱਗ ਕੇ ਮੰਨ ਲਿਆ ਕਿ ਖੂਹ ਉਸਦੀ ਭਰਜਾਈ ਦਾ ਹੈ।<br>ਅ) ਜਦੋਂ ਬੁੱਢੀ ਮਾਈ ਮਹਾਰਾਜ ਨੂੰ ਅਸੀਸਾਂ ਦੇਣ ਲੱਗੀ ਤਾਂ ਮਹਾਰਾਜ ਨੇ ਬੁੱਢੀ ਔਰਤ ਨੂੰ ਕਿਹਾ ਕਿ ਮਾਈ ਮੈਨੂੰ ਤਾਂ ਇਹ ਅਸੀਸ ਚਾਹੀਦੀ ਹੈ ਕਿ ਮੇਰੇ ਤੋਂ ਕਦੇ ਵੀ, ਕਿਸੇ ਨਾਲ ਵੀ, ਕੋਈ ਅਨਿਆਂ ਨਾ ਹੋਵੇ। | (2×2=4) |
| ਉ : 14 | ਹੇਠਾਂ ਦਿੱਤੇ ਗਏ ਸ਼ਬਦ ਦਾ ਅਰਥ :- (ੳ) ਚਬਾਉਣਾ | (1) |
| ਉ:15 | ਹੇਠਾਂ ਦਿੱਤੇ ਵਾਕ ਕਿਸ ਨੇ ਅਤੇ ਕਿਸਨੂੰ ਕਹੇ ਹਨ ? | (1) |

| | | |
|---|---|---|
| | (ੳ) ਮਹਾਰਾਜ ਨੇ ਬੁੱਢੀ ਔਰਤ ਨੂੰ | |

**ਓ.ਐਸ ਡੀ.ਏ.ਵੀ ਪਬਲਿਕ ਸਕੂਲ , ਕੈਥਲ**

**Marking scheme of July exam (2024-25)**

**ਵਿਸ਼ਾ : ਪੰਜਾਬੀ ( Set B )**

**ਜਮਾਤ :ਸੱਤਵੀਂ ਅਧਿਕਤਮ ਅੰਕ :- 30**

ਜ਼ਰੂਰੀ ਸੂਚਨਾ :-ਜੇਕਰ ਅਜਿਹਾ ਕੋਈ ਸਹੀ ਉੱਤਰ ਜਿਹੜਾ ਵਿਦਿਆਰਥੀ ਨੇ ਲਿਖਿਆ ਹੈ ਪਰ ਉੱਤਰ ਕੁੰਜੀ ਵਿੱਚ ਦਰਜ ਨਹੀਂ ਹੈ ਤਾਂ ਉਸ ਦੇ ਵੀ ਅੰਕ ਦਿੱਤੇ ਜਾਣਗੇ ।

| ਉੱਤਰ ਨੰਬਰ | ਉੱਤਰ ਅਤੇ ਨਾਲ ਸੰਬੰਧਤ ਉੱਤਰ ਸੰਕੇਤ | ਅੰਕ |
|---|---|---|
| | ( ਭਾਗ -ੳ ਪੜ੍ਹ ਕੌਸ਼ਲ) | |
| ੳ : 1 | ਅਣਡਿੱਠਾ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ:-<br>ਉੱਤਰ 1- ਮਿਹਨਤ ਤੋਂ ਜੀਅ ਚਰਾਉਣ ਵਾਲੇ ।<br>ਉੱਤਰ 2- ਨੌਜਵਾਨ ਸਫਲਤਾ ਤਾਂ ਪ੍ਰਾਪਤ ਕਰਨਾ ਚਾਹੁੰਦੇ ਹਨ ਪਰ ਉਹ ਮਿਹਨਤ ਨਹੀਂ ਕਰਨਾ ਚਾਹੁੰਦੇ ।<br>ਉੱਤਰ 3-ਕਿਸਮਤ ਦਾ ਸਾਥ ।<br>ਉੱਤਰ 4- ਮਿਹਨਤ ਕਰਨ ਵਾਲਿਆਂ ਦਾ ਸਾਥ<br>ਉੱਤਰ 5- ਸਮੇਂ ਦੀ ਮਹੱਤਤਾ । | (5) |
| | ਭਾਗ -ਅ ( ਵਿਆਕਰਨ) | |
| ੳ: 2 | ਲਿੰਗ ਬਦਲੋ :- ਸੰਤਣੀ | (1) |
| ੳ: 3 | ਵਚਨ ਬਦਲੋ :- ਕੋਠੀਆਂ | (1) |
| ੳ : 4 | ਹੇਠ ਦਿੱਤੇ ਵਿਕਲਪਾਂ ਵਿਚੋਂ ਸ਼ੁੱਧ ਸ਼ਬਦ :- ਕੌੜੀ | (1) |
| ੳ: 5 | ਹੇਠ ਦਿੱਤੇ ਸ਼ਬਦ ਦਾ ਵਿਰੋਧੀ ਸ਼ਬਦ ਲਿਖੋ :- ਗੰਦਾ | (1) |
| ੳ : 6 | 'ਅ ' ਅਗੇਤਰ ਲਗਾ ਕੇ ਦੋ-ਦੋ ਸ਼ਬਦ :- ਅਸਫ਼ਲ , ਅਹਿੰਸਾ | (1) |
| ੳ:7 | ' ਆਣੀ ' ਪਿਛੇਤਰ ਲਗਾ ਕੇ ਦੋ ਦੋ ਸ਼ਬਦ :- ਜੇਠਾਣੀ , ਦਿਓਰਾਣੀ | (1) |
| ੳ :8 | ਬਹੁਤੇ ਸ਼ਬਦਾਂ ਦੇ ਲਈ ਇੱਕ ਸ਼ਬਦ:- ਭਤੀਜੀ | (1) |
| ੳ : 9 | ਮੁਹਾਵਰੇ ਦਾ ਅਰਥ:- ਤੁਹਮਤ ਲਾਉਣੀ / ਦੋਸ਼ ਦੇਣਾ | (1) |

| | | |
|---|---|---|
| ੳ : 10 | ਹੇਠ ਦਿੱਤੇ ਵਾਕ ਵਿੱਚ ਵਿਸ਼ਰਾਮ ਚਿੰਨ੍ਹ :-<br><br>ਭਾਰਤ ਵਿੱਚ ਕਈ ਵੱਡੇ ਸ਼ਹਿਰ ਜਿਵੇਂ ਮੁੰਬਈ, ਦਿੱਲੀ, ਮਹਾਰਾਸ਼ਟਰ, ਮੱਧ ਪ੍ਰਦੇਸ਼ ਆਦਿ ਹਨ। | (2) |
| | ਭਾਗ- ੲ ( ਪਾਠ ਪੁਸਤਕ) | |
| ੳ : 11 | ਹੇਠ ਦਿੱਤੀ ਕਾਵਿ ਟੁਕੜੀ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ:-<br>(ੳ) ਇਸ ਕਵਿਤਾ ਦੇ ਕਵੀ ਦਾ ਨਾਂ ਗੁਰਦੀਪ ਭੰਮਰਾ ਹੈ।<br>(ਅ) ਇਸ ਕਵਿਤਾ ਦਾ ਨਾਂ ਮੇਰਾ ਵੱਸਦਾ ਦੇਸ਼ ਪੰਜਾਬ ਰਹੇ ।<br>(ੲ) ਮਹਿਕਾਂ।<br>(ਸ) ਪੰਜਾਬ ਦੇ ਕਣ ਕਣ ਦੀ।<br>(ਹ) ਹਵਾ। | (5) |
| ੳ : 12 | ਬਹੁ - ਵਿਕਲਪੀ ਪ੍ਰਸ਼ਨ<br>ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :-<br>1. ਦੰਦ<br>2. ਅਮਨ<br>3. ਕੰਨ<br>4. ਇਹ ਸਾਰੀਆਂ ਚੀਜ਼ਾਂ ਖਾਣ ਦੀ | (1×4=4) |
| ੳ : 13 | ਹੇਠਾਂ ਦਿੱਤੇ ਕੋਈ 4 ਪ੍ਰਸ਼ਨਾਂ ਦੇ ਉੱਤਰ ਤਿੰਨ - ਚਾਰ ਸਤਰਾਂ ਵਿੱਚ ਲਿਖੋ :-<br>(ੳ ) ਮਹਾਰਾਜਾ ਰਣਜੀਤ ਸਿੰਘ ਪੰਜਾਬ ਦੇ ਇਕ ਪ੍ਰਸਿੱਧ, ਸ਼ਕਤੀਸ਼ਾਲੀ ,ਸਿਆਣੇ ਅਤੇ ਨਿਆਂ ਪਸੰਦ ਮਹਾਰਾਜਾ ਸਨ । ਉਹ ਹਮੇਸ਼ਾ ਆਪਣੀ ਪਰਜਾ ਦੀ ਭਲਾਈ ਚਾਹੁੰਦੇ ਸਨ। ਉਹ ਹਰ ਦੁਖੀ ਤੇ ਕਮਜ਼ੋਰ ਦੀ ਮਦਦ ਕਰਦੇ ਸਨ।<br>ਅ) ਮਹਾਰਾਜੇ ਨੇ ਇੱਕ ਝੂਠ ਬੋਲ ਕੇ ਬੁੱਢੀ ਦੇ ਦਿਓਰ ਨੂੰ ਖੂਹ ਵਿੱਚ ਆਪਣੀ ਇੱਕ ਪੰਜ ਮੋਹਰਾਂ ਵਾਲੀ ਥੈਲੀ ਡਿੱਗ ਗਈ ਹੈ ਬਾਰੇ ਦੱਸਿਆ ਨਾਲ ਹੀ ਕਿਹਾ ਕਿ ਖਜ਼ਾਨੇ ਦਾ ਪੈਸਾ ਹੈ ਮਹਾਰਾਜ ਨੇ ਬੁੱਢੀ ਦੇ ਦਿਓਰ ਨੂੰ ਪੂਰੀ ਤਰ੍ਹਾਂ ਡਰਾ ਕੇ ਉਸਦੀ ਹਿਫਾਜ਼ਤ ਕਰਨ ਦੇ ਲਈ ਤੇ ਉਹ ਥੈਲੀ ਸ਼ਾਮ ਤੱਕ ਕੱਢ ਕੇ ਲਿਆਉਣ ਲਈ ਕਿਹਾ। | (4) |
| ੳ : 14 | ਹੇਠਾਂ ਦਿੱਤੇ ਗਏ ਸ਼ਬਦ ਦਾ ਅਰਥ :- ਨਕਲੀ | (1) |

| | | |
|---|---|---|
| **ੳ:15** | **ਹੇਠਾਂ ਦਿੱਤੇ ਵਾਕ ਕਿਸ ਨੇ ਅਤੇ ਕਿਸਨੂੰ ਕਹੇ ਹਨ ?**<br>**(ੳ) ਬੁੱਢੀ ਮਾਈ ਦੇ ਦਿਓਰ ਨੇ ਮਹਾਰਾਜ ਨੂੰ** | **(1)** |